(ਭਾਗ−1)

# Khatūn toh Kaūr خاتون تو قور

# ਖਾਤੂਨ ਤੋ ਕੋਰ

## ਪ੍ਰੇਮ ਗਾਥਾ




Writer

Aksh Kaūr Pūrewal




# ਖਾਤੂਨ ਤੋਂ ਕੌਰ

# [ ਭਾਗ 1 ]

ਧਰਮਾਂ ਦੀ ਕੜਵਾਹਟ ਨੂੰ ਉਹ ਨਚੋੜਣ ਆਉਂਦਾ ਹੈ,

ਗੁਰੁਦ੍ਵਾਰੇ ਆ ਉਹ ਰੋਜ਼ਾ ਤੋੜਨ ਆਉਂਦਾ ਹੈ....

[ਮੇਰੇ ਭਾਈ ਮੁਹੰਮਦ ਰਾਫ਼ੀਕ਼ ਦੇ ਨਾਮ]

ਸਵੇਰੇ ਉੱਠ ਕੇ ਹਰ ਰੋਜ਼ ਦੀ ਤਰਾਂ ਹਵੇਲੀ ਦੀ ਛੱਤ ਤੇ ਜਾ ਟਹਿਲਣ ਲੱਗ ਪਈ। ਅੱਜ ਪਤਾ ਨਹੀਂ ਕਿਉ ਉਹਨੂੰ ਸੂਰਜ ਦੀਆਂ ਕਿਰਨਾਂ ਵਿੱਚ ਬੀਤ ਚੁੱਕੇ ਕੁਝ ਅਰਸੇ ਦੀਆਂ ਯਾਦਾਂ ਦਾ ਬਹੁਤਾ ਈ ਨਿੱਘ ਜਿਹਾ ਆਇਆ। ਖਿੜੇ ਹੋਏ ਫੁੱਲਾਂ ਵੱਲ ਨੂੰ ਵੇਖ ਉਹਨੂੰ ਫਿਰ ਤੋਂ ਆਪਣੀ ਗਵਾਚੀ ਹੋਈ ਤਬੱਸੁਮ ਨਜ਼ਰ ਆਈ। ਧੂੜ ਦੀ ਬੁੱਕਲ ਵਿੱਚ ਲਿਪਟੀਆਂ ਕੁਰਸੀਆਂ ਉੱਤੇ ਜੱਦ ਉਹਨੇ ਫ਼ੂਕ ਮਾਰੀ ਤੇ ਉਹਨਾਂ ਦੇ ਥੱਲੇ ਉਹਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਖੁਸ਼ੀਆਂ ਦੀ ਪਰਛਾਈ ਵਿਖੀ। ਜੱਦ ਉਹਨੇ ਉੱਡ ਦੀ ਮਿੱਟੀ ਨੂੰ ਬਿਠਾਉਣ ਲਈ ਪਾਣੀ ਦਾ ਤਾਰੋਕਾਂ ਦਿੱਤਾ ਤੇ ਉਹਦੀ ਮਹਿਕ ਨੇ ਉਹਨੂੰ ਇਸ ਕਦਰ ਮਦਹੋਸ਼ ਕਰ ਦਿੱਤਾ ਜਿਵੇਂ ਜਵਾਨੀ ਦੇ ਦੌਰ ਨੇ ਉਹਨੂੰ ਫਿਰ ਤੋਂ ਗੱਲ ਨਾਲ ਲਾ ਘੁੱਟ ਲਿਆ ਹੋਵੇ।

ਜਵਾਨੀ - ਮੈਂ ਤੇ ਜਵਾਨੀ ਦਾ ਨਿੱਘ ਮਾਨ ਈ ਨਹੀਂ ਸਕੀ, ਰਹਿਮਤ ਖਾਤੂਨ ਤੇ ਰਹਿਮਤ ਕੋਰ ਵਿੱਚ ਹੀ ਤਾ ਉਲਝ ਰਹਿ ਗਈ ਇਹ ਜਵਾਨੀ। ਇਹਨਾਂ ਉਲਝ ਚੁੱਕੇ ਰਾਹਾਂ ਵਿੱਚੋ ਨਿਕਲਣ ਲਈ ਸਵੇਰੇ ਉੱਠ ਪਹਿਲਾ ਨਮਾਜ਼ ਦਾ ਬੂਹਾ ਖੜਕਾਉਣੀ ਹਾਂ ਤੇ ਫਿਰ ਜਪੁਜੀ ਸਾਹਿਬ ਦਾ.. ਬਨੇਰੇ ਤੇ ਖੜੀ ਨੇ ਦੂਰ ਤੱਕ ਨਜ਼ਰ ਮਾਰੀ ਤੇ ਸਰਹੱਦ ਪਾਰ ਦੀਆਂ ਤਾਰਾ ਵਿਖੀਆ..

ਤਾਰਾ - ਇਹਨਾਂ ਨੇ ਰਾਹਾਂ ਨੂੰ ਤੇ ਕੈਦ ਕਰਲਿਆ, ਦਿਲ ਨੂੰ ਕਿਉ ਨਹੀਂ ਜਕੜ ਸਕੀਆਂ ਆਪਣੀ ਕੈਦ ਵਿਚ ਇਹ ਤਾਰਾ ? ਮਾਂ ਦੀਆਂ ਲੋਰੀਆਂ ਦੀ ਭੁੱਖ ਅੰਤਾਂ ਦੀ


www.PunjabiLibrary.com

ਜਾਪੀ ਤੇ  ਸੋਚਾਂ ਵਿਚ ਇਹਨਾਂ ਤਾਰਾ ਨੂੰ ਪਾਰ ਕਰਦੀ ਉਹ ਆਪਣੇ ਮੁਲਖ ਪਾਕਿਸਤਾਨ ਪੁਹੰਚ ਗਈ।

ਅੱਗੋ ਉਸਦਾ ਅੱਬਾ ਬਾਹਾਂ ਖਿਲਾਰੀ ਖੜਾ ਹੈ  - ਆ ਮੇਰੀ ਧੀ , ਅੱਗੇ ਵੱਧ ਰਹਿਮਤ ਕੋਲੋਂ ਕਿਤਾਬਾਂ ਫੜ੍ਹ ਲਾਈਆ ਤੇ ਨਾਲ ਹੀ  ਉਹਨੂੰ ਘੁੱਟ ਕੇ ਕਲਾਵੇ ਵਿੱਚ ਭਰ ਲਿਆ...

ਆਹ ਜਿਦਣ ਦੀ ਤੂੰ ਕਾਲਜ ਪੜ੍ਹਨੇ ਲੱਗੀ ਆ ਨਾ ਮੇਰਾ ਘਰੇ ਭੋਰਾ ਜੀਅ ਨਹੀਂ ਲੱਗਦਾ। ਤੇਰੀ ਅੰਮੀ ਤੋਂ ਅੱਖ ਬਚਾਉਦਾ ਰੋਜ਼ ਤੇਰੇ ਰਾਹਾਂ ਵਿੱਚ ਆ ਖੜਨਾ। ਆਂਦੀ ਤੂੰ ਕੁੜੀ ਨੂੰ ਚਾਰ ਅੱਖਰ ਪੜ੍ਹ ਲੈਣ ਦੀਆਂ ਕਰ...

ਰਹਿਮਤ ਉੱਚੀ ਉੱਚੀ ਹੱਸਣ ਲੱਗ ਪੈਂਦੀ…

ਤੇ ਨਾਲ ਹੀ ਕਲਾਵੇ ਵਿੱਚੋ ਚਾਤੀ ਜਹੀ ਮਾਰ ਉੱਪਰ ਵੱਲ ਨੂੰ ਦੇਖਦੀ ਤੇ  ਫਿਰ ਤੋਂ ਆਪਣੇ ਪਿਓ ਦੇ ਗੱਲ ਲੱਗ ਜਾਂਦੀ - ਲੈ ਅੱਬਾ ਤੂੰ ਤੇ ਸੱਚੀਓਂ ਇੰਝ ਕਰਦਾ ਏ ਜਿਵੇਂ ਮੈਂ ਵਲੈਤੋਂ ਪਾਰ ਪੜ੍ਹਨ ਜਾਂਦੀ ਹੋਵਾਂ।

ਅੰਮੀ ਸਹੀ ਹੀ ਆਂਦੀ ਹੈ ਸੱਭ.. ਚਾਰ ਅੱਖਰ ਪੜ੍ਹ ਜਾਵਾਂਗੀ ਤੇ ਅੰਗਰੇਜ਼ੀ ਮਹਿਕਮੇ ਚ ਨੌਕਰੀ ਕਰ ਸੱਭ ਦੀ ਜੂਨ ਸੁਧਾਰ ਦਿਆਂਗੀ, ਤੇ ਜਾਣ ਕੇ ਆਪਣੇ ਅੱਬੂ  ਨੂੰ ਤੰਗ ਕਰਦੀ।

ਇੰਝ ਹੀ ਦੋਵੇਂ ਗੱਲਾਂ ਕਰਦੇ ਕਰਦੇ ਘਰ ਅੱਪੜ ਜਾਂਦੇ.....ਆ ਗਈ ਅੱਬਾ ਦੀ ਹੇਜ਼ਲੀ ਧੀ ...


www.PunjabiLibrary.com

ਮੈਂ ਆਂਦੀ ਸੀ ਅੱਗੇ ਹੀ ਮਿਰਜ਼ਾ ਸਾਹਿਬ ਅੱਖ ਬਚਾ ਨਿਕਲ ਹੀ ਗਏ ਨੇ ,ਜਿਸ ਦਿਨ ਤੇਰਾ ਨਿਕਾਹ ਹੋ ਗਿਆ ਤੇਰੇ ਅੱਬਾ ਨੂੰ ਉਸ ਦਿਨ ਪਤਾ ਲੱਗਣਾ । ਬੇਗਾਨਾ ਧਨ ਹੈ ਮਿਰਜ਼ਾ ਸਾਹਿਬ ਮੋਹ ਛੱਡ ਦਵੋ... {ਨਜ਼ਮਾਂ ਰਹਿਮਤ ਦੀ ਮਾਂ ਨਾਲ ਹੀ ਬੋਲ ਪਈ}

- ਕੋਈ ਨਹੀਂ ਬੇਗਮ ਜਿੰਨੀ ਦੇਰ ਇਹ ਮੇਰੇ ਕੋਲ ਹੈ ਮੈਂ ਤਾ ਆਪਣੇ ਹਿੱਸੇ ਦੀ ਸਾਰੀ ਦੁਨੀਆ ਇਹਦੇ ਸਿਰ ਤੋਂ ਵਾਰ ਦੇਣਾ ਚਾਹੁੰਦਾ। ਇਹਦੇ ਤੋਂ ਬਿਨਾ ਸਾਡਾ ਹੈ ਕੌਣ..!

ਲਾਹੌਰ ਦੇ ਨੇੜੇ ਪੈਂਦੇ ਪਿੰਡ ਸਿਆਲਕੋਟ ਵਿੱਚ ਵੱਸਦੇ ਨਜ਼ਮਾਂ ਤੇ ਮਿਰਜ਼ਾ ਦੀ ਇਕਲੌਤੀ ਸੰਤਾਨ ਰਹਿਮਤ ਹੀ ਸੀ । ਉਹਨਾਂ ਦਾ ਉਸ ਨਾਲ ਬਥੇਰਾ ਮੋਹ ਸੀ । ਦੋਵੇਂ ਉਹਦੇ ਸਾਹਾਂ ਵਿੱਚ ਸਾਹ ਭਰਦੇ। ਉਹਨਾਂ ਦਾ ਸਕਾਫ਼ਤ ਕੁੜੀਆਂ ਨੂੰ ਪੜ੍ਹਾਉਣ ਦੇ ਪਾਵੇ ਸਖ਼ਤ ਖਿਲਾਫ ਸੀ ਪਰ ਮਿਰਜ਼ਾ ਆਪਣੀ ਧੀ ਨੂੰ ਉੱਚ ਦਰਜੇ ਦੀ ਤਾਲੀਮ ਦਵਾਉਣਾ ਚਾਹੁੰਦਾ ਸੀ ਤਾ ਜੋ ਗੁਲਾਮ ਦੇਸ਼ ਦੀ ਆਜ਼ਾਦ ਧੀ ਬਣ ਸਕੇ । ਥੋੜ੍ਹੇ ਹੀ ਵਕ਼ਤ ਬਾਦ ਰਹਿਮਤ ਦੀ ਸਾਰੀ ਤਾਲੀਮ ਪੂਰੀ ਹੋ ਗਈ । ਹੁਣ ਉਹ ਨੌਕਰੀ ਕਰਨਾ ਚਾਹੁੰਦੀ ਸੀ ਪਰ ਇਧਰ ਦੇਸ਼ ਦੀ ਨੌਜਵਾਨ ਪੀੜ੍ਹੀ ਦਾ ਖ਼ੂਨ ਆਜ਼ਾਦੀ ਲਈ ਉਬਾਲੇ ਖਾ ਰਿਹਾ ਸੀ।

ਦੇਖਦੇ ਹੀ ਦੇਖਦੇ ਥੋੜ੍ਹੇ ਚਿਰ ਵਿੱਚ ਹੀ ਸ਼ਹਿਰ ਦੀਆ ਗਲੀਆਂ ਵਿੱਚ ਰੌਲਾ ਪੈਣਾ ਸ਼ੁਰੂ ਹੋ ਗਿਆ ਕੇ ਅੰਗ੍ਰੇਜ਼ੀ ਹਕੂਮਤ ਦਾ ਸਾਡੇ ਦੇਸ਼ ਵਿੱਚੋ ਖ਼ਾਤਮਾ ਹੋਣ ਵਾਲਾ ਹੈ ਤੇ ਬਹੁਤ ਜਲਦੀ ਸਾਡਾ ਦੇਸ਼ ਆਜ਼ਾਦ ਹੋ ਜਾਵੇਗਾ । ਪਰ ਇਸ ਤੋਂ ਵੱਧ

ਦਿਲਚਪਸ ਚਰਚਾ ਇਕ ਹੋਰ ਸੀ ਜੋ ਹਰ ਗਲੀ ਮੋਹਲੇ ਵਿਚ ਛੇੜੀ ਰਹਿੰਦੀ ਉਹ ਸੀ ਬਟਵਾਰੇ ਦੀ...

ਲੋਕਾਂ ਨੂੰ ਸਮਝ ਨਹੀਂ ਆ ਰਹੀ ਸੀ ਕੇ ਪਾਕਿਸਤਾਨ ਕਿਸ ਸ਼ੈਅ ਦਾ ਨਾਮ ਹੈ..? ਤੇ ਅਸੀਂ ਬਟਵਾਰੇ ਤੋਂ ਬਾਦ ਕਿਸ ਪਾਸੇ ਰਾਹਾਂ ਗੇ ? ਸਾਡੇ ਘਰਾਂ ਮਕਾਨਾਂ ਦਾ ਕੀ ਬਣੇਗਾ ?

ਤੇ ਉਧਰ ਮਿਰਜ਼ਾ ਤੇ ਨਜ਼ਮਾਂ ਦਾ ਦਿਲ ਵੀ ਰਹਿਮਤ ਨੂੰ ਇਹਨਾਂ ਹਾਲਤਾਂ ਵਿਚ ਘਰੋਂ ਬਾਹਰ ਭੇਜਣ ਲਈ ਨਹੀਂ ਮਣਦਾ ਸੀ । ਅਖੀਰ ਰਹਿਮਤ ਨੂੰ ਵੀ ਆਪਣੀ ਅੰਮੀ ਤੇ ਅੱਬਾ ਜੀ ਦੀ ਗੱਲ ਜਾਈਜ਼ ਲੱਗੀ।

ਹਾਲਤ ਦੀਨੋ ਦਿਨ ਵਿਗੜ ਦੇ ਜਾ ਰਹੇ ਸੀ । ਧਰਮ ਦੇ ਨਾਮ ਤੇ ਲੋਕ ਇਕ ਦੂਜੇ ਦਾ ਖ਼ੂਨ ਪੀ ਰਹੇ ਸੀ । ਇਕ ਦਿਨ ਮਿਰਜ਼ਾ ਸਾਹਿਬ ਨੂੰ ਉਹਨਾਂ ਦੇ ਬੜੇ ਹੀ ਖਾਸ ਤੇ ਅਜ਼ੀਜ਼ ਦੋਸਤ ਅਹਿਮਦ ਜੋ ਕੀ ਅੰਗਰੇਜ਼ੀ ਹਕੂਮਤ ਅੰਦਰ ਕਲਰਕ ਦੀ ਨੌਕਰੀ ਕਰਦੇ ਸੀ ਮਿਲਣ ਲਈ ਆਏ..

-ਸਲਾਮ ਵਲੇਕੁਮ ਮਿਰਜ਼ਾ ਸਾਹਿਬ

-ਸ਼ੁਕਰ ਖੁਦਾ ਕਾ ਵਲੇਕੁਮ ਸਲਾਮ ਅਹਿਮਦ ਭਾਈ ਜਾਨ. ਮਿਰਜ਼ਾ ਤੇ ਅਹਿਮਦ ਬਚਪਨ ਤੋਂ ਪੱਕੇ ਦੋਸਤ ਸਨ । ਕੰਮਾਂ ਕਾਰਾ ਵਿਚ ਮਸ਼ਰੂਫ਼ ਹੋਣ ਕਾਰਨ ਉਹ ਇਕ ਦੂਜੇ ਨੂੰ ਘੱਟ ਹੀ ਮਿਲਿਆ ਕਰਦੇ ਸੀ ਪਰ ਪਿਆਰ ਦੋਨਾਂ ਵਿਚ ਅੱਜ ਵੀ ਬਹੁਤ ਸੀ ।

ਦੋਵੇਂ ਬੈਠਕ ਵਿਚ ਬੈਠੇ ਬਟਵਾਰੇ ਤੇ ਚਰਚਾ ਕਰ ਰਹੇ ਸੀ ....

- ਮਿਰਜ਼ਾ ਸਾਹਿਬ ਬਟਵਾਰੇ ਦੀ ਖ਼ਬਰ ਤਾ ਬਿਲਕੁਲ ਪੱਕੀ ਹੈ, ਮੈਂ ਅੰਗਰੇਜ਼ੀ ਹੁਕਮਤ ਨੂੰ ਇਸ ਬਾਬਤ ਚਰਚਾ ਕਰਦੇ ਆਪ ਸੁਣਿਆ ਏ , ਆਖ ਰਹੇ ਸੀ ਲਕੀਰ ਦੇ ਇਸ ਪਾਰ ਹਿੰਦੁਸਤਾਨ ਤੇ ਦੂਜੇ ਪਾਰ ਪਾਕਿਸਤਾਨ...ਜੋ ਪਾਕਿਸਤਾਨ ਜਾਣਾ ਚਾਹੇ ਗਾ ਉਹਨੂੰ ਸਰਕਾਰਾਂ ਉਸ ਤਰਫ ਹੀ ਜ਼ਮੀਨਾਂ ਅਲਰਟ ਕਰਨ ਗਈਆਂ....

- ਹਾਂ ਖੈਰ ਜੋ ਖੁਦਾ ਨੂੰ ਮਨਜ਼ੂਰ...!!

- ਹੋਰ ਦਸੋ ਮਿਰਜ਼ਾ ਸਾਹਿਬ ਮੈਂ ਸੁਣਿਆ ਹੈ ਰਹਿਮਤ ਧੀ ਦੀ ਮੁਤਾਲਾ ਪੂਰੀ ਹੋ ਗਈ ਹੈ। ਦਰਅਸਲ ਮੈਂ ਚਰਚਾ ਤਾ ਇਸ ਬਾਬਤ ਹੀ ਕਰਨ ਆਇਆ ਸੀ। ਸੋਚਦਾ ਸਾ ਸਾਲਾਂ ਦੀ ਦੋਸਤੀ ਨੂੰ ਰਿਸ਼ਤੇਦਾਰੀ ਵਿਚ ਬਦਲ ਦਿੱਤਾ ਜਾਵੇ। ਮੈਂ ਰਹਿਮਤ ਦਾ ਹੱਥ ਆਪਣੇ ਬੇਟੇ ਅਲੀ ਲਈ ਮੰਗਣ ਆਇਆ ਹਾਂ... ਮਿਰਜ਼ਾ ਸਾਹਿਬ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਉਹਨਾਂ ਨੇ ਉੱਠ ਕੇ ਨਾਲ ਹੀ ਅਹਿਮਦ ਨੂੰ ਗਲੇ ਲਾ ਲਿਆ - ਭਾਈ ਜਾਨ ਆਹ ਤਾ ਤੁਸੀ ਮੇਰੇ ਦਿਲ ਦਾ ਬੋਝ ਹਲਕਾ ਕਰ ਦਿੱਤਾ।

ਰਹਿਮਤ ਲਈ ਇਸ ਤੋਂ ਵੱਧ ਹੋਰ ਕੀ ਚੰਗਾ ਹੋ ਸਕਦਾ..? ਮੈਨੂੰ ਇਹ ਰਿਸ਼ਤਾ ਮਨਜ਼ੂਰ ਹੈ। ਨਜ਼ਮਾਂ ਨੇ ਸਭ ਦਾ ਮੂੰਹ ਮਿੱਠਾ ਕਰਾਇਆ। ਅਖੀਰ ਰਹਿਮਤ ਨੂੰ ਵੀ ਮਿਰਜ਼ਾ ਸਾਹਿਬ ਦੀ ਖੁਸ਼ੀ ਵਿਚ ਹੀ ਆਪਣੀ ਖੁਸ਼ੀ ਮੰਨਣੀ ਪਈ।ਕਿਉਕਿ

ਉਹ ਜਾਣਦੀ ਸੀ ਉਹ ਉਹਨੂੰ ਕਿੰਨਾ ਪਿਆਰ ਕਰਦੇ ਨੇ ਤੇ ਉਸ ਲਈ ਆਪਣੇ ਵਾਲਿਦ ਦੀ ਦੁਆ - ਏ - ਖੈਰ  ਖੁਦਾ ਦੀ ਖੈਰ ਵਰਗੀ ਸੀ । ਤੇ ਉਹ ਰਿਸ਼ਤੇ ਨੂੰ ਨਾਹ ਕਰ ਉਹਨਾਂ ਦਾ ਮਨ ਉਦਾਸ ਨਹੀਂ ਕਰਨਾ ਚਾਹੁੰਦੀ ਸੀ । ਅਖੀਰ ਨਿਕਾਹ ਦਾ ਦਿਨ ਤਹਿ ਹੋ ਗਿਆ। ਮਿਰਜ਼ਾ ਸਾਹਿਬ ਆਪਣੀ ਇਕਲੌਤੀ ਧੀ ਦਾ ਨਿਕਾਹ ਪੂਰੀ ਸ਼ਾਨੋਂ ਸ਼ੋਕਤ ਨਾਲ ਕਰਨਾ ਚਾਹੁੰਦੇ ਸੀ ਜਿਸ ਲਈ ਉਹਨਾਂ ਨੇ ਖੂਬ ਖਰਚ ਕੀਤਾ ਤੇ ਬਰਾਤ ਦੀ ਸੇਵਾ ਵਿਚ ਕੋਈ ਕਮੀ ਨਹੀਂ ਛੱਡੀ । ਰਹਿਮਤ ਨਿਕਾਹ ਦੇ ਜੋੜੇ ਵਿਚ ਅਰਸ਼ੋਂ ਉੱਤਰੀ ਪਰੀ ਲੱਗ ਰਹੀ ਸੀ । ਨਜ਼ਮਾਂ ਨੇ ਅਗਾਂਹ ਵੱਧ ਰਹਿਮਤ ਦੀ ਨਜ਼ਰ ਉਤਾਰੀ ਤੇ ਮਿਰਜ਼ਾ ਸਾਹਿਬ ਦੀਆ ਅੱਖਾਂ ਭਰ ਆਇਆ । ਉਹਨਾਂ ਨੂੰ ਰਹਿਮਤ ਦਾ ਬਚਪਨ ਕੱਲ ਦੀ ਬੀਤੀ ਗੱਲ ਜਾਪਣ ਲੱਗਾ । ਉਹਨਾਂ ਨੇ ਆਪਣੀ ਅੱਖੀਆਂ ਵਿੱਚੋ ਘਿਰਦੇ ਹੰਝੂਆ ਨੂੰ ਲੁਕਾਉਂਦੇ ਹੋਏ ਰਹਿਮਤ ਦੇ ਮੱਥੇ ਨੂੰ ਚੁੰਮਿਆ ਤੇ ਆਉਣ ਵਾਲੇ ਜੀਵਨ ਲਈ ਤਾਹਨੀਯਤ ਦਿੱਤੀ । ਮੌਲਵੀ ਸਾਹਿਬ ਨੇ ਨਿਕਾਹ ਪੜ੍ਹਨਾ ਸ਼ੁਰੂ ਕੀਤਾ । ਅਲੀ ਤੇ ਰਹਿਮਤ ਨੇ ਸਿਰ ਹਿਲਾ 'ਕਬੂਲ ਹੈ' ਆਖਿਆ । ਦੋਵਾਂ ਪਰਿਵਾਰਾਂ ਨੇ ਇਕ ਦੂਜੇ ਨੂੰ ਵਧਾਈ ਦਿੱਤੀ ਤੇ ਸਭ ਨੇ ਨਮ ਅੱਖਾਂ ਨਾਲ ਰਹਿਮਤ ਦੀ ਡੋਲੀ ਨੂੰ ਤੋਰਿਆ... ਡੋਲੀ ਵਾਲੀ ਕਾਰ ਸੜਕ ਉੱਤੇ ਚੜ ਗਈ ਤੇ ਦੇਖਦੇ ਹੀ ਦੇਖਦੇ ਅੱਖੋਂ ਉਹਲੇ ਹੋ ਗਈ।

ਅਲੀ ਲਈ ਰਹਿਮਤ ਦੀ ਖ਼ੂਬਸੂਰਤੀ ਸਭ ਤੋਂ ਮੁਖਤਲਿਫ ਸੀ । ਉਸਦੀਆਂ ਨਜ਼ਰਾਂ ਰਹਿਮਤ ਦੇ ਚੇਹਰੇ ਨੂੰ ਬਸ ਨਿਹਾਰੀ ਜਾ ਰਹੀਆਂ ਸੀ । ਕਿੰਨਾ ਨੂਰ  ਹੈ ਇਸ ਚੇਹਰੇ ਤੇ...ਯਾਹ ਅੱਲਾਹ ਤੂੰ ਤਾ ਮੇਰੀ ਅਮਲ ਤੋਂ ਵੀ ਕੀਤੇ ਹਸੀਨ

ਰਹਿਮਤ ਬੇਗਮ ਨੂੰ ਬਣਾਇਆ ਹੈ[ ਅਖੀਰ ਅਲੀ ਨੇ ਆਪਣੀ ਚੁੱਪ ਨੂੰ ਤੋੜਦੇ ਹੋਏ ਰਹਿਮਤ ਵੱਲ ਦੇਖਦੇ ਆਖਿਆ]

ਰਹਿਮਤ ਮੈਂ ਜਾਣਦਾ ਹਾਂ ਸਭ ਕੁਛ ਬਹੁਤ ਜਲਦੀ ਵਿਚ ਹੋਇਆ ਏ, ਅੱਬਾ ਜਾਨ ਨੇ ਹਾਲਾਤ ਨੂੰ ਮੱਦੇ ਨਜ਼ਰ ਰੱਖਦਿਆਂ ਨਿਕਾਹ ਦੀ ਤਾਰੀਖ ਜਲਦੀ ਮਿਥ ਲਈ। ਸੁਣਿਆ ਇਹ ਤੁਸੀ ਅੱਗੇ ਨੌਕਰੀ ਕਰਨਾ ਚਾਹੁੰਦੇ ਸੀ, ਪਰ ਤੁਸੀ ਫਿਕਰ ਨਾ ਕਰੋ ਮੈਂ ਤੁਹਾਡੀ ਹਰ ਖ਼ਵਾਇਸ਼ ਪੂਰੀ ਕਰਾਂਗਾ ਤੇ ਹਮੇਸ਼ਾ ਤੁਹਾਡੇ ਅੱਬਾ ਜੀ ਵਾਂਗ ਤੁਹਾਡੀ ਅਮਾਨ ਕਰਾਂਗਾ ਤੇ ਅਲੀ ਨੇ ਨਾਲ ਹੀ ਰਹਿਮਤ ਦਾ ਹੱਥ ਆਪਣੇ ਹੱਥ ਵਿਚ ਫੜ੍ਹ ਲਿਆ।ਰਹਿਮਤ ਅਲੀ ਵੱਲ ਵੇਖ ਮੁਸਕਰਾਈ। ਸੋਚ ਰਹੀ ਸੀ ਅੱਬਾ ਜਾਨ ਕਦੀ ਵੀ ਮੇਰਾ ਮਾੜਾ ਨਹੀਂ ਸੋਚ ਸਕਦੇ। ਉਹਨਾਂ ਦੀ ਪਰਛਾਈ ਵਰਗਾ ਹੀ ਹਮਸਫ਼ਰ ਮਿਲ ਗਿਆ। ਡਰਾਈਵਰ ਨੇ ਗੱਡੀ ਦੀ ਜ਼ੋਰ ਨਾਲ ਬ੍ਰੇਕ ਮਾਰੀ...

ਇਸ ਤੋਂ ਪਹਿਲਾ ਰਹਿਮਤ ਤੇ ਅਲੀ ਨੂੰ ਕੁਝ ਸਮਝ ਆਉਂਦੀ। ਇਕ ਕਾਫਲਾ ਹੱਥਾਂ ਵਿਚ ਕਿਰਪਾਨਾਂ ਲਈ ਉਹਨਾਂ ਦੇ ਕੋਲ ਆ ਗਿਆ ਤੇ ਜ਼ੋਰ ਨਾਲ ਨਾਰੇ ਲਾਉਣ ਲੱਗ ਪਾਏ - ਹਿੰਦੁਸਤਾਨ ਜਿੰਦਾਬਾਦ ! ਹਿੰਦੁਸਤਾਨ ਜਿੰਦਾਬਾਦ ! ਇਹ ਧਰਮ ਦੇ ਨਾਮ ਤੇ ਖ਼ੂਨ ਪੀਣ ਵਾਲੇ ਕੁਝ ਰਾਖਸ਼ ਸੀ ਜਿੰਨਾ ਨੇ ਪਲਾ ਵਿਚ ਰਹਿਮਤ ਦੀਆ ਖੁਸ਼ੀਆਂ ਉਜਾੜ ਦਿੱਤੀਆਂ....ਉਹਨੇ ਨੇ ਡਰਾਈਵਰ ਨੂੰ ਗੱਡੀ ਵਿੱਚੋ ਕੱਢ ਨਾਲ ਹੀ ਉਹਨੂੰ ਗੋਲੀ ਮਾਰ ਦਿੱਤੀ। ਅਹਿਮਦ ਤੇ ਉਹਦੀ ਬੇਗਮ ਅਗਲੀ ਗੱਡੀ ਵਿਚ ਸੀ ਜੋ ਉੱਥੋਂ ਜਾਨ ਬਚਾ ਨਿਕਲ ਗਏ ।

ਕਾਫਲੇ ਵਿੱਚੋ ਇਕ ਆਦਮੀ ਨੇ ਨਾਲ ਹੀ ਅਲੀ ਨੂੰ ਗਲੋਂ ਫੜ੍ਹ ਲਿਆ - ਏ ਹਿੰਦੁਸਤਾਨ ਸਾਡਾ ਹੈ ਅਸੀਂ ਇੱਥੇ ਕੋਈ ਮੁਸਲਮਾਨ ਜਿਉਂਦਾ ਨਹੀਂ ਛੱਡਣਾ।

ਨਾਲ ਹੀ ਉਹਨਾਂ ਨੇ ਗੱਡੀ ਨੂੰ ਅੱਗ ਲਾ ਦਿੱਤੀ...

ਰਹਿਮਤ ਨੇ ਇਕ ਡੰਡਾ ਫੜ੍ਹ ਉਹ ਆਦਮੀ ਦੇ ਸਿਰ ਵਿਚ ਮਾਰ ਦਿੱਤਾ ਜਿੰਨੇ ਅਲੀ ਨੂੰ ਫੜ੍ਹਿਆ ਹੋਇਆ ਸੀ। ਉਹ ਆਦਮੀ ਨਾਲ ਹੀ ਥੱਲੇ ਡਿੱਗ ਪਿਆ ਤੇ ਅਲੀ ਬਿਨਾ ਪਿੱਛੇ ਦੇਖੇ ਆਪਣੀ ਜਾਨ ਬਚਾ ਭੱਜ ਗਿਆ....

ਫੜੋ ਓਏ ਮੁੰਡਿਓ ਆਹ ਸ਼ੇਰਨੀ ਨੂੰ ਤੇ ਕੱਢੋ  ਇਹਦਾ ਸਾਰਾ ਜ਼ੋਰ...!!!

ਕਾਫਲੇ ਵਿੱਚੋ ਇਕ ਮੁੰਡੇ ਨੇ ਉਹਦਾ ਦੁਪੱਟਾ ਲਾ ਪਿੱਛੇ ਸੁੱਟ ਦਿੱਤਾ ਤੇ ਸਾਰੇ ਮੁੰਡੇ ਹੱਸਦੇ ਹੱਸਦੇ ਉਹਦੇ ਅੱਗੇ ਪਿੱਛੇ ਘੁੰਮਣ ਲੱਗ ਪਏ। ਰਹਿਮਤ ਲਈ ਉਹਨਾਂ ਦੇ ਹੱਥਾਂ ਵਿੱਚੋ ਬਚ ਨਿਕਲਣਾ ਬਹੁਤ ਔਖਾ ਸੀ। ਉਹਦੀਆਂ ਅੱਖਾਂ ਅੱਗੇ ਹਨੇਰਾ ਆਉਣ ਲੱਗ ਪਿਆ...

ਨਾਲ ਹੀ ਪਿੱਛੋਂ ਇਕ ਸਰਦਾਰ ਭੱਜਾ ਆਇਆ ਨਾਲ ਉਸ ਦੇ ਤਿੰਨ ਚਾਰ ਸਾਥੀ ਸੀ, ਉਹਨੇ ਨੇ ਕਿਸੇ ਵੀ ਤਰਾਂ ਰਹਿਮਤ ਨੂੰ ਉਹਨਾਂ ਦੀ ਗ੍ਰਿਫ ਵਿੱਚੋ ਕੱਢ ਲਿਆ ਤੇ ਆਪਣੇ ਨਾਲ ਆਏ....

ਉਹ ਰਹਿਮਤ ਵੱਲ ਅੱਗੇ ਵਧਿਆ ਤੇ ਉਹ ਡਰ ਗਈ ਕੀ ਹੁਣ ਸ਼ਇਦ ਇਹ ਵੀ ਉਸ ਦਾ ਉਹੀ ਹਾਲ ਕਰਨਗੇ....

- ਤੁਸੀ ਘਬਰਾਉ ਨਾ ਮੇਰਾ ਨਾਮ ਸੁਖਵੰਤ ਸਿੰਘ ਹੈ, ਮੈਂ ਤੁਹਾਡਾ  ਕੋਈ ਨੁਕਸਾਨ ਨਹੀਂ ਕਰਾਂਗਾ, ਤੁਸੀ ਮੈਨੂੰ ਆਪਣਾ ਨਾਮ ਤੇ ਘਰ ਦੱਸੋ ਅਸੀਂ ਤੁਹਾਨੂੰ ਸਹੀ ਸਲਾਮਤ ਤੁਹਾਡੇ ਘਰ ਛੱਡ ਆਵਾਂਗੇ। ਬਟਵਾਰੇ ਕਾਰਨ ਸ਼ਹਿਰ ਵਿਚ ਹਿੰਦੂ ਸਿੱਖਾਂ ਮੁਸਲਮਾਨਾਂ ਦੇ ਦੰਗੇ ਹੋ ਰਹੇ ਨੇ..

ਰਹਿਮਤ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ..

ਸੁਖਵੰਤ ਦਾ ਇਕ ਸਾਥੀ ਰਹਿਮਤ ਵੱਲ ਅੱਗੇ ਵਧਿਆ ਉਹਨੇ ਆਪਣੇ ਗੱਲ ਵਾਲਾ ਪਰਨਾ ਲਾ ਰਹਿਮਤ ਉੱਪਰ ਦੇ ਦਿੱਤਾ - ਭੈਣ ਘਬਰਾ ਨਾ ਦੱਸ ਤੇਰਾ ਘਰ ਕਿਥੇ ਹੈ ਅਸੀਂ ਤੈਨੂੰ ਛੱਡ ਆਵਾਂਗੇ।

ਰਹਿਮਤ ਨੂੰ ਯਕੀਨ ਹੋ ਗਿਆ ਕੇ ਇਹ  ਸੱਚ ਮੁੱਚ ਮੇਰੀ ਮਦਦ ਕਰਨਾ ਚਾਹੁੰਦੇ ਨੇ, ਤੇ ਉਹਨੇ ਆਪਣੇ ਘਰ ਦਾ ਪਤਾ ਦੱਸਿਆ-  ਜਿਥੇ ਰਹਿਮਤ ਦਾ ਘਰ ਸੀ ਉਹ ਸਾਰੀ ਬਸਤੀ ਮੁਸਲਮਾਨਾਂ ਦੀ ਸੀ ਜਿਹੜੀ ਹੁਣ ਅੱਗ ਨਾਲ ਲੂਸ ਰਹੀ ਸੀ। ਰਹਿਮਤ ਦਾ ਜੱਦ ਘਰ ਆ ਗਿਆ ਤੇ ਉਹ ਉਹਨੂੰ ਅੰਦਰ ਛੱਡਣ ਲਈ ਗਏ। ਰਹਿਮਤ ਨੇ ਕਿੰਨੀਆਂ ਆਵਾਜ਼ ਦਿੱਤੀਆਂ ਅੰਮੀ ਅੱਬਾ ਜੀ ਪਰ ਕੋਈ ਆਵਾਜ਼ ਨਹੀਂ ਆਈ...

ਜੱਦ ਰਹਿਮਤ ਅੱਗੇ ਵਧੀ ਤਾ ਘਰ ਵਿਚ ਲਾਸ਼ਾਂ ਦੇ ਢੇਰ ਲੱਗੇ ਪਏ ਸੀ ਜਿਸ ਘਰ ਵਿਚ ਥੋੜੀ ਦੇਰ ਪਹਿਲਾ ਖੁਸ਼ੀਆਂ ਸੀ ਹੁਣ ਉਥੇ ਸੱਭ ਉੱਜੜ ਗਿਆ ਸੀ। ਅੱਗ ਵਿਚ ਲਾਸ਼ਾਂ ਹੱਦੋ ਵੱਧ ਸੜ ਗਈਆਂ ਸੀ ਜਿਸ ਕਰਕੇ ਉਹਨਾਂ ਨੂੰ ਪਹਿਚਾਨਣਾ

ਬਹੁਤ ਔਖਾ ਸੀ ਇਹ ਸਭ ਦੇਖ ਰਹਿਮਤ ਦੀਆ ਚੀਕਾਂ ਨਿਕਲ ਗਈਆਂ। ਅੱਗੇ ਉਹ ਕਮਰੇ ਵਿਚ ਗਈ ਜਿਥੇ ਦੋ ਲਾਸ਼ਾਂ ਸੀ ਇਕ ਆਦਮੀ ਤੇ ਇਕ ਔਰਤ ਉਹਨੂੰ ਯਕੀਨ ਹੋ ਗਿਆ ਕੇ ਇਹ ਉਸ ਦੇ ਅੱਬਾ ਤੇ ਅੰਮੀ ਨੇ... ਰਹਿਮਤ ਲਈ ਆਪਣੇ ਆਪ ਨੂੰ ਸੰਭਾਲਣਾ ਬਹੁਤ ਔਖਾ ਹੋ ਰਿਹਾ ਸੀ ਰੋ ਰੋ ਕੇ ਉਹਦਾ ਬੁਰਾ ਹਾਲ ਸੀ...

ਸੁਖਵੰਤ ਨੇ ਅੱਗੇ ਵੱਧ ਰਹਿਮਤ ਨੂੰ ਹੌਂਸਲਾ ਦਿੱਤਾ ਕੇ ਤੁਸੀ ਫਿਕਰ ਨਾ ਕਰੋ ,

ਜੋ ਵਾਹਿਗੁਰੂ ਨੂੰ ਮਨਜ਼ੂਰ..!!

ਤੁਸੀ ਮੇਰੇ ਨਾਲ ਚਲੋ ਏਥੋਂ ਜਲਦੀ ਤੋਂ ਜਲਦੀ ਕਿਸੇ ਨੇ ਤੁਹਾਨੂੰ ਜਿਉਂਦੇ ਵੇਖ ਲਿਆ ਤੇ ਮੁਸੀਬਤ ਵੱਧ ਜਾਏਗੀ ..

- ਨਹੀਂ ਮੈਂ ਤੁਹਾਡੇ ਸਿਰ ਹੋਰ ਬੋਝ ਨਹੀਂ ਬਣਨਾ ਚਾਹੁੰਦੀ , ਤੁਸੀ ਏਥੋਂ ਚਲੇ ਜਾਵੋ ਰਹਿਮਤ ਨੇ ਸੁਖਵੰਤ ਨੂੰ ਸਾਰੀ ਗੱਲ ਦੱਸੀ ਕੇ ਅੱਜ ਉਸ ਦਾ ਨਿਕਾਹ ਸੀ ਤੇ ਡੋਲੀ ਵਾਲੀ ਕਾਰ ਰਾਹ ਵਿਚ ਸਾੜ ਦਿੱਤੀ ਗਈ ਤੇ ਉਸਦਾ ਸ਼ੋਹਰ ਤੇ ਉਹਨਾਂ ਦਾ ਪਰਿਵਾਰ ਜਾਨ ਬਚਾ ਨਿਕਲ ਗਏ ਸੀ।

ਸੁਖਵੰਤ ਨੇ ਰਹਿਮਤ ਨਾਲ ਵਾਧਾ ਕੀਤਾ ਕੇ ਉਹ ਉਸ ਨੂੰ ਬਹੁਤ ਛੇਤੀ ਉਹਦੇ ਪਰਿਵਾਰ ਨਾਲ ਮਿਲਵਾ ਦਵੇਗਾ ਤੇ ਹੁਣ ਉਹ ਉਹਦੇ ਨਾਲ ਚਲੇ..

ਅਖੀਰ ਰਹਿਮਤ ਨੂੰ ਦਿਲ ਤੇ ਪੱਥਰ ਰੱਖ ਸਭ ਉੱਥੇ ਛੱਡ ਕੇ ਸੁਖਵੰਤ ਨਾਲ ਚਲਣਾ ਪਿਆ....

ਸੁਖਵੰਤ ਕੌਣ ਸੀ ? ਉਹ ਰਹਿਮਤ ਦੀ ਮਦਦ ਕਿਉਂ ਕਰ ਰਿਹਾ ਸੀ ?ਤੇ ਅਲੀ ਜੋ ਥੋੜੀ ਦੇਰ ਪਹਿਲਾ ਰਹਿਮਤ ਨੂੰ ਆਖ ਰਿਹਾ ਸੀ ਮੈਂ ਤੁਹਾਡੇ ਅੱਬਾ ਜੀ ਵਾਂਗ ਤੁਹਾਡੀ ਅਮਾਨ ਕਰਾਗਾਂ, ਉਹ ਆਪਣੀ ਜਾਨ ਬਚਾ ਰਹਿਮਤ ਨੂੰ ਮੁਸੀਬਤ ਵਿਚ ਛੱਡ ਕਿਉਂ ਚਲੇ ਗਿਆ ?

ਕੀ ਉਹ ਰਹਿਮਤ ਦੇ ਰੰਜ ਦੂਰ ਕਰਨ ਵਾਪਿਸ ਆਇਆ ਜਾ ਨਹੀਂ ? ਸਵਾਲ ਬਹੁਤ ਨੇ ਜਿੰਨਾ ਦੇ ਜਵਾਬ ਤੁਹਾਨੂੰ ਅਗਲੇ ਭਾਗ ਵਿੱਚ ਮਿਲ ਜਾਣਗੇ...

ਦਰਸਲ ਇਹ ਕਹਾਣੀ 1947 ਦੀ ਵੰਡ ਦੇ ਦਰਦ ਨੂੰ ਬਿਆਨ ਕਰਦੀ ਹੈ, ਜਿਸਦੇ ਜ਼ਖਮ ਅੱਜ ਵੀ ਅਵੱਲੇ ਨੇ...ਘਰ ਦੇ ਘਰ ਉਜੜ ਗਏ, ਵੰਡ ਦੇ ਨਾਲ ਨਾਲ ਕਈਆਂ ਦੀ ਪਹਿਚਾਣ ਵੀ ਵੰਡੀ ਗਈ...

ਉਜੜ ਕੇ ਸੱਭ ਕੁਝ ਫਿਰ ਤੋਂ ਵੱਸ ਗਿਆ, ਪਰ ਮੈਂ ਕਈ ਦਿਲ ਅਜਿਹੇ ਵੇਖੇ ਨੇ ਜਿੰਨਾ ਦੇ ਅੰਦਰ ਵੀ ਇਸ ਵੰਡ ਨੂੰ ਲੈ ਕੇ ਦੰਗੇ ਚਲ ਰਹੇ ਨੇ ਕੇ ਕਿਉਂ ਉਹ ਇਹਨਾਂ ਧਰਮ ਦੇ ਰਾਕਸ਼ਾਂ ਤੋਂ ਆਪਣੇ ਵੱਸਦੇ ਭਾਈਚਾਰੇ ਨੂੰ ਬਚਾ ਨਾ ਸਕੇ.. ..... ਲੇਖਕ ਅਕਸ਼ ਕੌਰ ਪੁਰੇਵਾਲ

**@Aksh_purewal**

**Read more stories from**

**Aksh Kaur Purewal  at**

